ਤੱਥਵੇਖੋਂ



# ਆਪਣੇ ਨਵਜੰਮੇ ਬੱਚੇ ਨੂੰ ਕਾਲੀ ਖਾਂਸੀ ਤੋਂ ਬਚਾਓ

## ਗਰਭ ਦੋਰਾਨ ਕਾਲੀ ਖਾਂਸੀ ਦਾ ਟੀਕਾਕਰਨ ਤੁਹਾਡੇ ਨਵਜੰਮੇ ਬੱਚੇ ਨੂੰ ਪਹਿਲੇ ਦਿਨ ਤੋਂ ਹੀ ਬਚਾ ਸਕਦਾ ਹੈ।

### ਗਰਭਵਤੀ ਔਰਤਾਂ ਲਈ ਜਰੂਰੀ ਤੱਥ

- 28 ਵੇ ਹਫਤੇ ਵਿੱਚ ਕਾਲੀ ਖਾਂਸੀ ਦਾ ਟੀਕਾਕਰਨ ਉਦੋਂ ਤੱਕ ਤੁਹਾਡੇ ਬੱਚੇ ਦੀ ਰੱਖਿਆ ਕਰਨ ਦਾ ਸਭ ਤੋਂ ਵੱਧਿਆ ਤਰੀਕਾ ਹੈ ਜਦੋਂ ਤੱਕ ਉਹ ਉਮਰ ਦੇ 6 ਹਫਤੇ ਤੇ ਆਪਣਾ ਪਹਿਲਾ ਟੀਕਾ ਨਹੀ ਲੈ ਲੈਂਦਾ
- ਐਨ ਐਸ ਡਬਲਯੂ ਵਿੱਚ ਗਰਭਵਤੀ ਔਰਤਾਂ ਲਈ ਟੀਕਾਕਰਨ ਮੁਫਤ ਹੈ
- ਤੁਹਾਡੇ ਬੱਚੇ ਨੂੰ ਫਿਰ ਵੀ ਛੇ ਵੇਂ ਹਫਤੇ ਵਿੱਚ ਕਾਲੀ ਖਾਂਸੀ ਦਾ ਟੀਕਾ ਲਗਵਾਨਾਂ ਚਾਹੀਦਾ ਹੈ
- ਕਾਲੀ ਖਾਂਸੀ ਗੰਭੀਰ ਰੋਗ ਹੈ ਅਤੇ ਜਾਨ ਲੇਵਾ ਵੀ ਹੋ ਸਕਦੀ ਹੈ

### ਕਾਲੀ ਖਾਂਸੀ ਕੀ ਹੈ?

ਕਾਲੀ ਖਾਂਸੀ (ਜਿਸ ਨੂੰ ਪਰਟੂਸ਼ਿਸ ਵੀ ਕਹਿੰਦੇ ਹਨ) ਇੱਕ ਬਹੁਤ ਹੀ ਛੂਤ ਗ੍ਰਸਤ ਰੋਗਾਣੂਆਂ ਰਾਹੀ ਹੋਣ ਵਾਲਾ ਅਜਿਹਾ ਰੋਗ ਹੈ ਜਿਸ ਨਾਲ ਖੰਘ ਦੇ ਗੰਭੀਰ ਦੌਰੇ ਪੈਂਦੇ ਹਨ ਬਾਲਗਾਂ ਵਿੱਚ ਇਸਦੇ ਲੱਛਣ ਹੱਲਕੇ ਹੋ ਸਕਦੇ ਹਨ, ਪਰ ਜੇ ਇਹ ਛੂਤ ਬੱਚੇ ਨੂੰ ਲੱਗ ਜਾਵੇ ਜਿਸ ਨੂੰ ਹਲੇ ਟੀਕਾ ਨਹੀ ਲਗਾ, ਤਾਂ ਇਹ ਜਾਨ ਲੇਵਾ ਹੋ ਸਕਦੀ ਹੈ।

### ਕੀ ਮੇਰੇ ਬੱਚੇ ਨੂੰ ਖਤਰਾ ਹੈ?

ਹਾਂ। ਬੱਚਿਆਂ ਨੂੰ ਕਾਲੀ ਖਾਂਸੀ ਦਾ ਟੀਕਾ ਨਹੀ ਲਗਾਇਆ ਜਾ ਸਕਦਾ ਜਦੋਂ ਤੱਕ ਉਹ 6 ਹਫਤਿਆਂ ਦੇ ਨਹੀ ਹੋ ਜਾਂਦੇ।
ਕਾਲੀ ਖਾਂਸੀ ਦਾ ਟੀਕਾ ਹਰ ਗਰਭ ਦੌਰਾਨ 28 ਵੇ ਹਫਤੇ ਵਿੱਚ ਲਗਵਾਨਾ ਸਭ ਤੋਂ ਚੰਗਾ ਹੁੰਦਾ ਹੈ, ਇਹ ਤੁਹਾਡੇ ਸ਼ਰੀਰ ਨੂੰ ਰੋਗਨਾਸ਼ਕ ਪੈਦਾ ਕਰਨ ਦਾ ਸਮਾਂ ਦਿੰਦਾ ਹੈ ਜੋ ਤੁਹਾਡੇ ਬੱਚੇ ਵਿੱਚ ਜਨਮ ਤੋਂ ਪਹਿਲਾਂ ਚਲੇ ਜਾਣਗੇ। ਇਹ ਰੋਗਨਾਸ਼ਕ ਤੁਹਾਡੇ ਬੱਚੇ ਦੀ ਉਦੋਂ ਤੱਕ ਰੱਖਿਆ ਕਰਨਗੇ ਜਦੋਂ ਤੱਕ ਉਹ ਉਮਰ ਦੇ ਛੇ ਵੇਂ ਹਫਤੇ ਤੇ ਆਪਣੇ ਟੀਕੇ ਨੂੰ ਪ੍ਰਾਪਤ ਕਰਨ ਲਈ ਤਿਆਰ ਨਹੀ ਹੋ ਜਾਂਦੇ।

### ਕੀ ਇਹ ਟੀਕਾਕਰਨ ਸੁਰੱਖਿਅਤ ਹੈ?

ਹਾਂ, ਇਹ ਟੀਕਾਕਰਨ ਗਰਭਵਤੀ ਔਰਤਾਂ ਅਤੇ ਬੱਚੇ ਦੋਹਾਂ ਲਈ ਸੁਰੱਖਿਅਤ ਹੈ ਜੇ ਗਰਭ ਦੋਰਾਨ ਦਿਤਾ ਜਾਵੇ। ਯੂ ਐਸ ਅਤੇ ਯੂ ਕੈ ਵਿੱਚ ਕੀਤੀ ਗਈ ਸੱਟਡੀਜ਼ ਜਿਸ ਵਿੱਚ 40,000 ਤੋਂ ਵੀ ਜਿਆਦਾ ਗਰਭਵਤੀ ਔਰਤਾਂ ਸ਼ਾਮਲ ਸਨ,ਵਿੱਚ ਸਿਰਫ ਹਲਕੇ ਮੰਦੇ ਅਸਰ ਪਾਏ ਗਏ ਜਿਵੇਂ ਕੀ ਬਾਂਹ ਵਿੱਚ ਦਰਦ ਜਾਂ ਲਾਲੀ ਜਿਥੇ ਟੀਕਾ ਲਾਇਆ ਗਿਆ ਸੀ। ਇਹ ਗਰਭ ਦੋਰਾਨ ਆਉਣ ਵਾਲਿਆਂ ਮੁਸ਼ਕਿਲਾਂ ਦੇ ਖਤਰੇ ਨੂੰ ਨਹੀ ਵਧਾਉਂਦਾ ਅਤੇ ਨੈਸ਼ਨਲ ਹੈਲਥ ਤੇ ਮੈਡੀਕਲ ਰਿਸਰਚ ਕੌਂਸਲ (ਰਾਸ਼ਟਰੀ ਸਿਹਤ ਤੇ ਮੈਡੀਕਲ ਖੋਜ਼ ਪ੍ਰੀਸ਼ਦ) ਨੇ ਹਾਲ ਹੀ ਵਿੱਚ ਗਰਭਵਤੀ ਔਰਤਾਂ ਲਈ ਸੁਝਾਅ ਦਿਤਾ ਹੈ ਕੀ ਉਹਨਾਂ ਨੂੰ ਆਪਣੀ ਤੀਜੀ ਤਿਮਾਹੀ ਵਿੱਚ ਟੀਕਾ ਲੈਣਾ ਚਾਹੀਦਾ ਹੈ।

### ਮੈਨੂੰ ਕੀ ਕਰਨਾਂ ਚਾਹੀਦਾ ਹੈ?

ਆਪਣੀ ਤੀਜੀ ਤਿਮਾਹੀ ਵਿੱਚ ਕਾਲੀ ਖਾਂਸੀ ਦਾ ਮੁਫਤ ਟੀਕਾ ਲੈਣ ਲਈ ਅੱਜ ਹੀ ਆਪਣੇ ਡਾਕਟਰ ਨਾਲ ਗੱਲ ਕਰੋ।

ਜੋ ਸੁਰੱਖਿਆ ਤੁਹਾਨੂੰ ਕਾਲੀ ਖਾਂਸੀ ਦੇ ਟੀਕੇ ਤੋਂ ਮਿਲਦੀ ਹੈ ਉਹ ਸਮੇ ਦੇ ਨਾਲ ਘੱਟ ਜਾਂਦੀ ਹੈ ਇਸ ਲਈ ਤੁਹਾਨੂੰ ਹਰ ਗਰਭ ਦੇ 28ਵੇਂ ਹਫਤੇ ਦੌਰਾਨ ਟੀਕਾਕਰਨ ਕਰਨਾਂ ਚਾਹੀਦਾ ਹੈ।

ਇਹ ਵੀ ਬਹੁਤ ਜਰੂਰੀ ਹੈ ਕੀ ਜੋ ਲੋਕ ਤੁਹਾਡੇ ਬੱਚੇ ਦੀ ਜਿੰਦਗੀ ਦੇ ਸ਼ੁਰੂ ਦੇ ਹਫਤਿਆਂ ਵਿੱਚ ਉਸਦੇ ਕਰੀਬ ਹੋਣਗੇ ਉਹਨਾਂ ਨੇ ਕਾਲੀ ਖਾਂਸੀ ਦਾ ਟੀਕਾ ਲਿਆ ਹੋਵੇ। ਇਹ ਯਕੀਨੀ ਬਨਾਉ ਕੀ ਤੁਹਾਡੇ ਦੂਸਰੇ ਬੱਚਿਆਂ ਨੇ ਆਪਣੇ ਸਾਰੇ ਟੀਕੇ ਸਮੇਂ ਸਿਰ ਲਏ ਹਨ ਅਤੇ ਬੱਚੇ ਦੇਖ ਭਾਲ ਕਰਨ ਵਾਲੇ ਅਤੇ ਕਰੀਬੀ ਪਰਿਵਾਰਕ ਜੀਆਂ ਨੂੰ ਜਿਨ੍ਹਾਂ ਨੇ ਪਿਛੱਲੇ 10 ਸਾਲਾਂ ਵਿੱਚ ਕਾਲੀ ਖਾਂਸੀ ਦਾ ਟੀਕਾ ਨਹੀ ਲਿਆ ਇਹ ਯਕੀਨੀ ਬਨਾਉਣ ਲਈ ਕਹੋ ਕੀ ਉਹ ਤੁਹਾਡੇ ਬੱਚੇ ਨਾਲ ਸੰਪਰਕ ਦੇ ਘੱਟੋ-ਘੱਟ ਦੋ ਹਫਤੇ ਪਹਿਲਾਂ ਕਾਲੀ ਖਾਂਸੀ ਦਾ ਟੀਕਾ ਜ਼ਰੂਰ ਲੈ ਲੈਣ।

ਤੁਸੀਂ ਖੁਦ ਨੂੰ ਅਤੇ ਆਪਣੇ ਬੱਚੇ ਨੂੰ ਗਰਭ ਦੌਰਾਨ ਫਲੂ ਦੇ ਖਤਰਨਾਕ ਪ੍ਰਭਾਵ ਤੋਂ ਵੀ ਬਚਾ ਸਕਦੇ ਹੋ, ਆਪਣੇ ਡਾਕਟਰ ਨੂੰ ਫਲੂ ਦੇ ਟੀਕੇ ਬਾਰੇ ਪੁਛੋ ਜੋ ਕੀ ਗਰਭ ਦੋਰਾਨ ਕਿਸੇ ਵੀ ਸਮੇਂ ਦਿਤਾ ਜਾ ਸਕਦਾ ਹੈ।

*ਗਰਭ ਦੌਰਾਨ ਕਾਲੀ ਖਾਂਸੀ ਦਾ ਮੁਫਤ ਟੀਕਾਕਰਨ ਤੁਹਾਡੇ ਨਵਜੰਮੇ ਬੱਚੇ ਨੂੰ ਪਹਿਲੇ ਦਿਨ ਤੋਂ ਹੀ ਸੁਰੱਖਿਅਤ ਕਰਨ ਦਾ ਸਭ ਤੋਂ ਵੱਧਿਆ ਤਰੀਕਾ ਹੈ। ਆਪਣੇ ਡਾਕਟਰ ਨਾਲ ਅੱਜ ਹੀ ਟੀਕਾਕਰਨ ਬਾਰੇ ਗੱਲ ਕਰੋ।*

**ਕਾਲੀ ਖਾਂਸੀ ਦੀ ਵਧੇਰੇ ਜਾਣਕਾਰੀ www.health.nsw.gov.au/whoopingcough ਤੇ ਉਪਲਬਧ ਹੈ।**

NSW GOVERNMENT | Health

Punjabi

**health.nsw.gov.au/protectnewborns ਤੇ ਜਾਓ**